# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆਭਵਨ, ਬਲਾਕ-ਈ, ਛੇਵੀਂਮੰਜਿਲ, ਫੇਜ਼-8, ਮੋਹਾਲੀ,

ਈਮੇਲ: directorscert@punjabeducation.gov.in, ਫੋਨਨੰ: 0172-2212221


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ.)

ਸਮੂਹ ਡਾਇਟ ਪ੍ਰਿੰਸੀਪਲ,

ਸਮੂਹ ਬੀ.ਪੀ.ਈ.ਓ.,

ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)

ਪੰਜਾਬ।

ਮੀਮੋ ਨੰ: e- 871555/SCERT/QP/UP/2026/ 15381

ਮਿਤੀ:ਐਸ.ਏ.ਐਸ. ਨਗਰ, 18.03.2026

**ਵਿਸ਼ਾ ਮਿਸ਼ਨ ਸਮਰੱਥ 4.0 ਨੂੰ ਸਕੂਲਾਂ ਵਿੱਚ ਸੁਚਾਰੂ ਰੂਪ ਵਿੱਚ ਚਲਾਉਣ ਲਈ ਜ਼ਰੂਰੀ ਹਦਾਇਤਾਂ ਸੰਬੰਧੀ।**

1.0. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0. ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਜਮਾਤ ਤੀਜੀ ਤੋਂ ਅੱਠਵੀਂ ਦੇ ਵਿਦਿਆਰਥੀਆਂ ਨੂੰ ਭਾਸ਼ਾ ਅਤੇ ਗਣਿਤ ਦੀਆਂ ਮੁਢਲੀਆਂ ਕੁਸ਼ਲਤਾਵਾਂ ਵਿੱਚ ਪਰਿਪੱਕ ਕਰਨ ਲਈ ਪਿਛਲੇ ਤਿੰਨ ਸਾਲਾਂ ਤੋਂ ਮਿਸ਼ਨ ਸਮਰੱਥ ਚਲਾਇਆ ਜਾ ਰਿਹਾ ਹੈ ਜੋ ਕਿ **TaRL (Teaching at Right Level)** ਅਧਿਆਪਨ ਪੱਧਤੀ 'ਤੇ ਅਧਾਰਿਤ ਹੈ।

3.0 ਮਿਸ਼ਨ ਸਮਰੱਥ 3.0 ਦੇ ਸਾਰਥਕ ਨਤੀਜੇ ਪ੍ਰਾਪਤ ਹੋਏ ਹਨ। ਪਰ ਅਜੇ ਵੀ ਕਈ ਵਿਦਿਆਰਥੀ ਨਿਰਧਾਰਿਤ ਟੀਚਿਆਂ ਨੂੰ ਹਾਸਲ ਨਹੀਂ ਕਰ ਸਕੇ। ਇਸ ਸੰਬੰਧ ਵਿੱਚ ਵਿਸ਼ਾ ਅਧਿਆਪਕਾਂ, ਸਟੇਟ ਰਿਸੋਰਸ ਗਰੁੱਪ ਦੇ ਮੈਂਬਰਾਂ ਅਤੇ ਸਕੂਲ ਮੁਖੀਆਂ ਤੋਂ ਪ੍ਰਾਪਤ ਫੀਡਬੈਕ ਦੇ ਅਧਾਰ 'ਤੇ ਮੁੱਢਲੀਆਂ ਕੁਸ਼ਲਤਾਵਾਂ ਦੀ ਪਰਿਪੱਕਤਾ ਨੂੰ ਸਥਾਈ ਕਰਨ ਅਤੇ ਇਹਨਾਂ ਕੁਸ਼ਲਤਾਵਾਂ ਦੇ ਉੱਚਤਰ ਪੱਧਰ ਨੂੰ ਪ੍ਰਾਪਤ ਕਰਨ ਲਈ ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਤੀਜੀ ਤੋਂ ਅੱਠਵੀਂ ਜਮਾਤਾਂ ਦੇ ਸਾਰੇ ਵਿਦਿਆਰਥੀਆਂ ਲਈ 'ਮਿਸ਼ਨ ਸਮਰੱਥ 4.0' **ਸੈਸ਼ਨ 2026-27 ਵਿੱਚ ਪਹਿਲੇ ਦੋ ਮਹੀਨਿਆਂ ਲਈ** ਚਲਾਇਆ ਜਾਵੇਗਾ।

4.0 ਮਿਸ਼ਨ ਸਮਰੱਥ 3.0 ਤਹਿਤ ਕੀਤੇ ਗਏ ਬੇਸਲਾਈਨ, ਮਿਡਲਾਈਨ ਅਤੇ ਅੰਤਮ ਮੁਲਾਂਕਣਾਂ ਦੇ ਡੂੰਘਾਈ ਨਾਲ ਕੀਤੇ ਗਏ ਵਿਸਲੇਸ਼ਣ ਅਤੇ ਵਿਸ਼ਾ ਅਧਿਆਪਕਾਂ ਅਤੇ ਸਕੂਲ ਮੁਖੀਆਂ ਤੋਂ ਪ੍ਰਾਪਤ ਫੀਡਬੈਕ ਦੇ ਆਧਾਰ 'ਤੇ ਮਿਸ਼ਨ ਸਮਰੱਥ : ਫੇਜ਼-4.0 ਲਈ ਪੰਜਾਬੀ, ਗਣਿਤ ਅਤੇ ਅੰਗਰੇਜ਼ੀ ਵਿਸ਼ਿਆਂ ਦੇ ਟੀਚਿਆਂ ਅਤੇ ਪੱਧਰਾਂ ਵਿੱਚ ਹੇਠ ਲਿਖੇ ਬਦਲਾਅ ਕੀਤੇ ਗਏ ਹਨ :-

**4.1 ਮਿਸ਼ਨ ਸਮਰੱਥ ਦੇ ਟੀਚੇ –**

4.1.1 ਜਮਾਤਾਂ ਤੀਜੀ ਤੋਂ ਪੰਜਵੀਂ ਲਈ ਮਿਸ਼ਨ ਸਮਰੱਥ 4.0 ਦੇ ਟੀਚੇ ਹੇਠ ਲਿਖੇ ਅਨੁਸਾਰ ਨਿਰਧਾਰਿਤ ਕੀਤੇ ਗਏ ਹਨ :-

| | **ਜਮਾਤਾਂ ਤੀਜੀ ਤੋਂ ਪੰਜਵੀਂ** |
|---|---|
| **ਪੰਜਾਬੀ** | • ਪੜ੍ਹਨਾ- ਜਮਾਤ 3 – 5 ਦੇ ਸਾਰੇ ਬੱਚੇ ਸਮਝ ਅਧਾਰਿਤ ਕਹਾਣੀ ਪੜ੍ਹ ਸਕਣ।<br>• ਲਿਖਣਾ- ਜਮਾਤ 3 – 5 ਦੇ ਸਾਰੇ ਬੱਚੇ ਦਿੱਤੇ ਗਏ ਸ਼ਬਦਾਂ ਦੇ ਸਰਲ ਵਾਕ ਲਿਖ ਸਕਦੇ ਹੋਣ। |
| **ਗਣਿਤ** | • ਜਮਾਤ 3 ਦੇ ਸਾਰੇ ਬੱਚੇ ਬੇਸਿਕ ਸ਼ਾਬਦਿਕ ਸਵਾਲ ( ਜੋੜ ਅਤੇ ਘਟਾਉ) ਹੱਲ ਕਰ ਸਕਣ।<br>• ਜਮਾਤ 4 ਦੇ ਸਾਰੇ ਬੱਚੇ ਮਿਸ਼ਰਤ ਸ਼ਾਬਦਿਕ ਸਵਾਲ ( ਚਾਰੇ ਸੰਕਿਰਿਆਵਾਂ)) ਹੱਲ ਕਰ ਸਕਣ।<br>• ਜਮਾਤ 5 ਦੇ ਸਾਰੇ ਬੱਚੇ ਮਿਸ਼ਰਤ ਸ਼ਾਬਦਿਕ ਸਵਾਲ ਅਤੇ ਭਿੰਨਾਂ ਦੀ ਪਛਾਣ ਅਤੇ ਤੁਲਨਾ ਕਰ ਸਕਣ। |
| **ਅੰਗਰੇਜ਼ੀ** | • ਪੜ੍ਹਨਾ- ਜਮਾਤ 3 ਤੋਂ 5 ਦੇ ਸਾਰੇ ਬੱਚੇ ਸਮਝ ਅਧਾਰਿਤ ਕਹਾਣੀ ਪੜ੍ਹ ਸਕਣ। |

4.1.2 ਜਮਾਤਾਂ ਛੇਵੀਂ ਤੋਂ ਅੱਠਵੀਂ ਲਈ ਮਿਸ਼ਨ ਸਮਰੱਥ 4.0 ਦੇ ਟੀਚੇ ਹੇਠ ਲਿਖੇ ਅਨੁਸਾਰ ਨਿਰਧਾਰਿਤ ਕੀਤੇ ਗਏ ਹਨ :

| | **ਜਮਾਤਾਂ ਛੇਵੀਂ ਤੋਂ ਅੱਠਵੀਂ** |
|---|---|
| ਪੰਜਾਬੀ | • ਪੜ੍ਹਨਾ- ਜਮਾਤ 6 – 8 ਦੇ ਸਾਰੇ ਬੱਚੇ ਸ਼ਬਦ ਅਧਾਰਿਤ ਕਹਾਣੀ ਪੜ੍ਹ ਸਕਣ।<br>• ਲਿਖਣਾ- ਜਮਾਤ 6-8 ਦੇ ਸਾਰੇ ਬੱਚੇ ਦਿੱਤੇ ਗਏ ਵਿਸ਼ੇ 'ਤੇ ਅਧਾਰਿਤ ਘੱਟੋਂ ਘੱਟ ਚਾਰ ਵਾਕ ਆਪ ਬਣਾ ਕੇ ਲਿਖ ਸਕਦੇ ਹੋਣ। |
| ਗਣਿਤ | • ਜਮਾਤ 6 ਤੋਂ 8 ਦੇ ਸਾਰੇ ਬੱਚੇ ਮਿਸ਼ਰਤ ਸ਼ਾਬਦਿਕ ਸਵਾਲ ਅਤੇ ਭਿੰਨਾਂ ਦੀ ਪਛਾਣ ਅਤੇ ਤੁਲਨਾ ਕਰ ਸਕਣ। |
| ਅੰਗਰੇਜ਼ੀ | • ਪੜ੍ਹਨਾ- ਜਮਾਤ 6 ਤੋਂ 8 ਦੇ ਸਾਰੇ ਬੱਚੇ ਸਮਝ ਅਧਾਰਿਤ ਕਹਾਣੀ ਪੜ੍ਹ ਸਕਣ। |

**4.2. <u>ਪੰਜਾਬੀ, ਗਣਿਤ ਅਤੇ ਅੰਗਰੇਜ਼ੀ ਵਿਸ਼ਿਆਂ ਵਿੱਚ ਵੱਖ-ਵੱਖ ਲੈਵਲ-</u>** ਮਿਸ਼ਨ ਸਮਰੱਥ 4.0 ਵਿੱਚ ਜਮਾਤਾਂ ਤੀਸਰੀ ਤੋਂ ਅੱਠਵੀਂ ਦੇ ਵਿਦਿਆਰਥੀਆਂ ਦੇ ਸਿੱਖਣ-ਪੱਧਰਾਂ 'ਤੇ ਅਧਾਰਿਤ ਲੈਵਲ ਵਿਸ਼ਾ-ਵਾਰ ਹੇਠ ਦਿੱਤੀ ਸਾਰਣੀ ਵਿੱਚ ਦਰਸਾਏ ਗਏ ਹਨ:

#### 4.2.1 ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਲਈ ਵੱਖ-ਵੱਖ ਲੈਵਲ-

| ਵਿਸ਼ਾ- ਪੰਜਾਬੀ | | | |
|---|---|---|---|
| ਪੜ੍ਹਨ ਦੇ ਲੈਵਲ | | | |
| ਜਮਾਤਾਂ | ਲੈਵਲ-1 | ਲੈਵਲ-2 | ਲੈਵਲ-3 |
| 3-4 | ਆਰੰਭਕ, ਅੱਖਰ, ਸ਼ਬਦ | ਪੈਰਾ ਅਤੇ ਕਹਾਣੀ | ਐਡਵਾਸ ਕਹਾਣੀ, ਸਮਝ ਅਧਾਰਿਤ ਕਹਾਣੀ |
| 5 | ਆਰੰਭਕ, ਅੱਖਰ, ਸ਼ਬਦ | ਪੈਰਾ ਅਤੇ ਕਹਾਣੀ | ਸਮਝ ਅਧਾਰਿਤ ਕਹਾਣੀ |
| ਲਿਖਣ ਦੇ ਪੱਧਰ | | | |
| 3-5 | ਆਰੰਭਕ, ਅੱਖਰ, ਸ਼ਬਦ, ਵਾਕ(ਨੋਟ:ਲਿਖਣ ਦੀ ਜਾਂਚ ਕਰਨ ਲਈ ਵੱਧ ਤੋਂ ਵੱਧ 10 ਵਿਦਿਆਰਥੀਆਂ ਦੇ ਗਰੁੱਪ ਬਣਾਏ ਜਾਣ।) | | |

| ਵਿਸ਼ਾ- ਗਣਿਤ | | | |
|---|---|---|---|
| ਜਮਾਤਾਂ | ਲੈਵਲ-1 | ਲੈਵਲ-2 | ਲੈਵਲ-3 |
| 3 | ਆਰੰਭਕ, ਅੰਕ ਪਛਾਣ<br>(1-9) ਅਤੇ ਸੰਖਿਆ ਪਛਾਣ (10-99) | ਘਟਾਓ ਅਤੇ ਸ਼ਾਬਦਿਕ ਸਵਾਲ<br>(ਜੋੜ ਅਤੇ ਘਟਾਉ) | ------ |
| 4 | ਆਰੰਭਕ, ਅੰਕ ਪਛਾਣ<br>(1-9) ਅਤੇ ਸੰਖਿਆ ਪਛਾਣ (10-99) | ਘਟਾਓ ਅਤੇ ਭਾਗ | ਮਿਸ਼ਰਿਤ ਸ਼ਾਬਦਿਕ ਸਵਾਲ ( ਜੋੜ, ਘਟਾਓ, ਗੁਣਾ, ਭਾਗ ਅਧਾਰਿਤ), |
| 5 | ਆਰੰਭਕ, ਅੰਕ ਪਛਾਣ<br>(1-9) ਅਤੇ ਸੰਖਿਆ ਪਛਾਣ (10-99) | ਘਟਾਓ ਅਤੇ ਭਾਗ | ਮਿਸ਼ਰਿਤ ਸ਼ਾਬਦਿਕ ਸਵਾਲ ( ਜੋੜ, ਘਟਾਓ, ਗੁਣਾ, ਭਾਗ ਅਧਾਰਿਤ), ਭਿੰਨਾਂ ਦੀ ਪਛਾਣ ਅਤੇ ਤੁਲਨਾ |

| ਵਿਸ਼ਾ- ਅੰਗਰੇਜ਼ੀ | | |
|---|---|---|
| ਪੜ੍ਹਨ ਦੇ ਲੈਵਲ | | |
| ਜਮਾਤਾਂ | ਲੈਵਲ-1 | ਲੈਵਲ-2 |
| 3-5 | ਆਰੰਭਕ, ਵੱਡੇ ਅੱਖਰ, ਛੋਟੇ ਅੱਖਰ, ਸ਼ਬਦ | ਪੈਰਾ , ਕਹਾਣੀ ਅਤੇ ਸਮਝ ਅਧਾਰਿਤ ਕਹਾਣੀ |

#### 4.2.2 ਅੱਪਰ ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਲਈ ਵੱਖ-ਵੱਖ ਲੈਵਲ-

| ਵਿਸ਼ਾ- ਪੰਜਾਬੀ | | | |
|---|---|---|---|
| ਪੜ੍ਹਨ ਦੇ ਲੈਵਲ | | | |
| ਜਮਾਤਾਂ | ਲੈਵਲ-1 | ਲੈਵਲ-2 | ਲੈਵਲ-3 |
| 6-8 | ਆਰੰਭਕ, ਅੱਖਰ, ਸ਼ਬਦ | ਪੈਰਾ ਅਤੇ ਕਹਾਣੀ | ਸਮਝ ਅਧਾਰਿਤ ਕਹਾਣੀ |
| ਲਿਖਣ ਦੇ ਪੱਧਰ | | | |
| 6-8 | ਆਰੰਭਕ, ਅੱਖਰ, ਸ਼ਬਦ, ਵਾਕ<br>(ਨੋਟ:ਲਿਖਣ ਦੀ ਜਾਂਚ ਕਰਨ ਲਈ ਵੱਧ ਤੋਂ ਵੱਧ 10 ਵਿਦਿਆਰਥੀਆਂ ਦੇ ਗਰੁੱਪ ਬਣਾਏ ਜਾਣ।) | | |

| ਵਿਸ਼ਾ- ਗਣਿਤ | | | |
|---|---|---|---|
| ਜਮਾਤਾਂ | ਲੈਵਲ-1 | ਲੈਵਲ-2 | ਲੈਵਲ-3 |
| 6-8 | ਆਰੰਭਕ, ਅੰਕ ਪਛਾਣ<br>(1-9) ਅਤੇ<br>ਸੰਖਿਆ ਪਛਾਣ (10-99) | ਘਟਾਓ ਅਤੇ ਭਾਗ | ਮਿਸ਼ਰਿਤ ਸ਼ਾਬਦਿਕ ਸਵਾਲ ( ਜੋੜ, ਘਟਾਓ, ਗੁਣਾ, ਭਾਗ ਅਧਾਰਿਤ), ਭਿੰਨਾਂ ਦੀ ਪਛਾਣ ਅਤੇ ਤੁਲਨਾ |

| ਵਿਸ਼ਾ- ਅੰਗਰੇਜ਼ੀ | | |
|---|---|---|
| ਪੜ੍ਹਨ ਦੇ ਲੈਵਲ | | |
| ਜਮਾਤਾਂ | ਲੈਵਲ-1 | ਲੈਵਲ-2 |
| 6-8 | ਆਰੰਭਕ, ਵੱਡੇ ਅੱਖਰ, ਛੋਟੇ ਅੱਖਰ, ਸ਼ਬਦ | ਪੈਰਾ , ਕਹਾਣੀ ਅਤੇ ਸਮਝ ਅਧਾਰਿਤ ਕਹਾਣੀ |

**ਨੋਟ-** ਪੰਜਾਬੀ ਵਿਸ਼ੇ ਵਿੱਚ ਵਿਦਿਆਰਥੀਆਂ ਦਾ ਮੁਲਾਂਕਣ ਭਾਵੇਂ ਪੜ੍ਹਨ ਅਤੇ ਲਿਖਣ ਦੋਵੇ ਕੁਸ਼ਲਤਾਵਾਂ'ਤੇ ਕੀਤਾ ਜਾਣਾ ਹੈ ਪਰ ਵਿਦਿਆਰਥੀਆਂ ਦੀ **ਗਰੁਪਿੰਗ ਉਹਨਾਂ ਦੇ ਕੇਵਲ ਪੜ੍ਹਨ ਦੇ ਲੈਵਲ ਦੇ ਅਧਾਰ'ਤੇ ਹੀ ਕੀਤੀ ਜਾਵੇਗੀ।**

5.0. **ਮਿਸ਼ਨ ਸਮਰੱਥ 4.0 ਤਹਿਤ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ –**

5.1. **ਬੱਚਿਆਂ ਦਾ ਮੁਲਾਂਕਣ –**

5.1.1. ਮਿਸ਼ਨ ਸਮਰੱਥ ਦੇ ਅੰਤਰਗਤ ਜਮਾਤ ਤੀਜੀ ਤੋਂ ਅੱਠਵੀਂ ਤੱਕ ਦੇ ਸਾਰੇ ਵਿਦਿਆਰਥੀਆਂ ਦਾ ਪੰਜਾਬੀ,ਅੰਗਰੇਜ਼ੀ ਅਤੇ ਗਣਿਤ ਵਿਸ਼ਿਆਂ ਦਾ ਵਿਅਕਤੀਗਤ ਪੱਧਰ'ਤੇ ਮੁਲਾਂਕਣ ਤਿੰਨ ਵਾਰ ਹੇਠ ਲਿਖੇ ਅਨੁਸਾਰ ਕੀਤਾ ਜਾਵੇਗਾ:-

| ਮੁਲਾਂਕਣ | ਮੁਲਾਂਕਣ ਕਰਨ ਅਤੇ ਇਸ ਉਪਰੰਤ ਈ-ਪੰਜਾਬ ਐਪ 'ਤੇ ਡਾਟਾ ਅਪਲੋਡ ਕਰਨ ਦਾ ਸਮਾਂ | ਵਿਸ਼ੇਸ਼ ਕਥਨ |
|---|---|---|
| ਬੇਸਲਾਈਨ ਮੁਲਾਂਕਣ | 02-04-26 ਤੋਂ 09-04-26 ਤੱਕ | ਬੇਸਲਾਈਨ ਮੁਲਾਂਕਣ ਹਰੇਕ ਵਿਦਿਆਰਥੀ ਦਾ ਕੀਤਾ ਜਾਣਾ ਹੈ। ਜਿਹੜੇ ਵਿਦਿਆਰਥੀ ਮਿਤੀ 08.04.2025 ਤੋਂ ਬਾਅਦ ਸਕੂਲ ਆਉਣ, ਉਹਨਾਂ ਦੇ ਸਕੂਲ ਆਉਣ ਤੋਂ ਤੁਰੰਤ ਬਾਅਦ ਮੁਲਾਂਕਣ ਕਰਕੇ ਨਤੀਜਾ ਅੱਪਲੋਡ ਕੀਤਾ ਜਾਵੇ। |
| ਸੁਤੰਤਰ ਮੁਲਾਂਕਣ (ਬੇਸਲਾਈਨ) | 10-04-26 ਤੋਂ16-04-26 ਤੱਕ | ਇਹ ਸੰਭਾਵਿਤ ਮਿਤੀਆਂ ਹਨ। |
| ਮਿਡ-ਲਾਈਨ ਮੁਲਾਂਕਣ | 02-05-26 ਤੋਂ 06-05-26 ਤੱਕ | ਇਹ ਸੰਭਾਵਿਤ ਮਿਤੀਆਂ ਹਨ। |
| ਸੁਤੰਤਰ ਮੁਲਾਂਕਣ (ਮਿਡ-ਲਾਈਨ) | 08-05-26 ਤੋਂ 13-05-26 ਤੱਕ | ਇਹ ਸੰਭਾਵਿਤ ਮਿਤੀਆਂ ਹਨ। |
| ਅੰਤਮ ਮੁਲਾਂਕਣ | 08-07-26 ਤੋਂ 10-07-26 ਤੱਕ | ਇਹ ਸੰਭਾਵਿਤ ਮਿਤੀਆਂ ਹਨ। |
| ਸੁਤੰਤਰ ਮੁਲਾਂਕਣ (ਅੰਤਮ) | 13-07-26 ਤੋਂ 15-07-26 ਤੱਕ | ਇਹ ਸੰਭਾਵਿਤ ਮਿਤੀਆਂ ਹਨ। |

**5.1.2.** ਸਕੂਲ ਮੁਖੀ ਆਪਣੇ ਸਕੂਲ ਦੇ ਵਿਦਿਆਰਥੀਆਂ ਦੇ ਮੁਲਾਂਕਣ ਦੀ Random ਜਾਂਚ ਕਰਨਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਮੁਲਾਂਕਣ ਬਿਲਕੁਲ ਸਹੀ ਹੋਇਆ ਹੈ।

**5.1.3.** ਬੇਸਲਾਈਨ, ਮਿਡਲਾਈਨ ਅਤੇ ਅੰਤਮ ਮੁਲਾਂਕਣਾਂ ਲਈ ਨਿਰਧਾਰਿਤ ਟੂਲ ਮੁੱਖ ਦਫ਼ਤਰ ਵਲੋਂ ਤਿਆਰ ਕਰਕੇ PDF format ਵਿੱਚ ਭੇਜੇ ਜਾਣਗੇ। ਹਰੇਕ ਮੁਲਾਂਕਣ ਲਈ ਟੂਲਾਂ ਦੀ ਬਣਤਰ ਅਤੇ ਪੱਧਰ ਸਮਾਨ ਹੋਵੇਗਾ ਪਰ ਹਰ ਮੁਲਾਂਕਣ ਲਈ ਟੂਲ ਵੱਖਰਾ ਹੋਵੇਗਾ।

**5.1.4.** ਸਕੂਲ ਮੁਖੀ ਇਹ ਯਕੀਨੀ ਬਣਾਉਣਗੇ ਕਿ ਹਰੇਕ ਵਿਦਿਆਰਥੀ ਦਾ ਮੁਲਾਂਕਣ ਹੋਣ ਉਪਰੰਤ ਇਸਦਾ ਸਹੀ ਡਾਟਾ ਅਧਿਆਪਕਾਂ ਦੁਆਰਾ ਈ-ਪੰਜਾਬ ਸਟਾਫ ਲਾਗ-ਇਨ ਐਪ (**E-Punjab staff login app**) 'ਤੇ ਨਿਰਧਾਰਿਤ ਸਮੇਂ ਤੱਕ ਅਪਲੋਡ ਕੀਤਾ ਜਾਵੇ।

**5.2.** **<u>ਵਿਦਿਆਰਥੀਆਂ ਦੇ ਸਿੱਖਣ-ਪੱਧਰ ਅਨੁਸਾਰ ਗਰੁੱਪਿੰਗ ਕਰਨਾ :</u>**

**5.2.1.** ਮਿਸ਼ਨ ਸਮਰੱਥ 4.0 ਤਹਿਤ ਬੇਸਲਾਈਨ ਮੁਲਾਂਕਣ ਤੋਂ ਬਾਅਦ ਤੀਜੀ ਤੋਂ ਅੱਠਵੀਂ ਦੇ ਵਿਦਿਆਰਥੀਆਂ ਦੀ ਗਰੁਪਿੰਗ ਪੁਆਇੰਟ 4.2 ਵਿੱਚ ਦਿੱਤੀ ਸਾਰਣੀ ਅਨੁਸਾਰ ਨਿਰਧਾਰਿਤ ਲੈਵਲ 'ਤੇ ਕੀਤੀ ਜਾਵੇਗੀ।

**5.2.2.** ਇਹ ਗਰੁਪਿੰਗ ਜਮਾਤ ਅਧਾਰਿਤ ਨਾ ਹੋ ਕੇ ਸਕੂਲ ਅਧਾਰਿਤ ਹੋਵੇਗੀ।

**5.2.3.** ਪੰਜਾਬੀ ਅਤੇ ਗਣਿਤ ਵਿਸ਼ਾ ਪੜ੍ਹਾਉਣ ਲਈ ਵਿਦਿਆਰਥੀਆਂ ਦੀ ਗਰੁਪਿੰਗ ਪੰਜਾਬੀ ਵਿੱਚ ਪੜ੍ਹਨ ਦੇ ਸਿੱਖਣ ਪੱਧਰ ਅਨੁਸਾਰ ਹੀ ਕੀਤੀ ਜਾਵੇ ਅਤੇ ਵਿਦਿਆਰਥੀਆਂ ਦੇ ਤਿੰਨ ਗਰੁੱਪ ਲੈਵਲ-1, ਲੈਵਲ-2 ਅਤੇ ਲੈਵਲ-3 ਬਣਾਏ ਜਾਣ ਕਿਉਂਕਿ ਆਮ ਤੌਰ ਤੇ ਇਹ ਦੇਖਣ ਵਿੱਚ ਆਉਂਦਾ ਹੈ ਕਿ ਜਿਹੜੇ ਬੱਚੇ ਪੰਜਾਬੀ ਵਿੱਚ ਲੈਵਲ 1 ਤੇ ਹਨ ਉਹੀ ਬੱਚੇ ਗਣਿਤ ਵਿਚ ਵੀ ਲੈਵਲ 1 'ਤੇ ਹੁੰਦੇ ਹਨ।

**5.2.4.** ਪਰ ਅੰਗਰੇਜ਼ੀ ਵਿਸ਼ੇ ਦੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਅੰਗਰੇਜ਼ੀ ਪੜ੍ਹਾਉਣ ਸਮੇਂ ਗਰੁਪਿੰਗ ਵਿਦਿਆਰਥੀਆਂ ਦੇ ਅੰਗਰੇਜ਼ੀ ਵਿੱਚ ਸਿਖਣ ਪੱਧਰਾਂ ਤੇ ਅਧਾਰਿਤ ਹੋਵੇਗੀ।

**5.2.5.** ਇਹ ਕੋਸ਼ਿਸ਼ ਕੀਤੀ ਜਾਵੇ ਕਿ ਕਿਸੇ ਵੀ ਗਰੁੱਪ ਵਿੱਚ ਵਿਦਿਆਰਥੀਆਂ ਦੀ ਗਿਣਤੀ 30-35 ਤੋਂ ਵੱਧ ਨਾ ਹੋਵੇ।

**5.2.6.** ਜੇਕਰ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਜਾਂ ਸਕੂਲ ਵਿੱਚ ਅਧਿਆਪਕਾਂ ਦੀ ਘਾਟ ਹੈ ਤਾਂ ਸਕੂਲ ਮੁਖੀ ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਸਹਿਮਤੀ ਨਾਲ ਗਰੁੱਪਿੰਗ ਜਮਾਤ ਲੈਵਲ 'ਤੇ ਕਰ ਸਕਦੇ ਹਨ।

**5.2.7.** ਸਕੂਲ ਮੁਖੀ ਰੋਜ਼ਾਨਾ ਸਕੂਲ ਵਿੱਚ ਵੱਖ-2 ਗਰੁੱਪਾਂ ਵਿੱਚ ਮਿਸ਼ਨ ਸਮਰੱਥ ਅਧੀਨ ਚੱਲ ਰਹੀਆਂ ਗਤੀਵਿਧੀਆਂ ਨੂੰ ਵਾਚਣਗੇ ਅਤੇ ਅਧਿਆਪਕਾਂ ਨਾਲ ਇਸ ਸੰਬੰਧੀ ਗੱਲਬਾਤ ਕਰਨਗੇ ਅਤੇ ਇਹ ਯਕੀਨੀ ਬਣਾਉਗੇ ਕਿ ਮਿਸ਼ਨ ਸਮਰੱਥ ਦੀਆਂ ਗਤੀਵਿਧੀਆਂ ਠੀਕ ਅਤੇ ਸੁਚਾਰੂ ਰੂਪ ਵਿੱਚ ਚੱਲ ਰਹੀਆਂ ਹਨ।

**5.2.8.** ਲੈਵਲ ਵਾਈਜ਼ ਗਰੁਪਿੰਗ ਕਰਕੇ ਮਿਸ਼ਨ ਸਮਰੱਥ ਦੀਆਂ ਗਤੀਵਿਧੀਆਂ ਅਨੁਸਾਰ ਪੜ੍ਹਾਉਣ ਨਾਲ ਵਿਦਿਆਰਥੀਆਂ ਦਾ ਸਿੱਖਣ ਪੱਧਰ ਵਧੇਗਾ। ਇਸ ਲਈ ਸਕੂਲ ਮੁਖੀ ਇਹ ਯਕੀਨੀ ਬਣਾਉਣਗੇ ਕਿ ਅਧਿਆਪਕ, ਵਿਦਿਆਰਥੀਆਂ ਦੀ ਨਿਰੰਤਰ ਜਾਂਚ, (ਭਾਵ ਇੱਕ ਜਾਂਚ ਬੇਸਲਾਈਨ ਤੋਂ 15 ਦਿਨਾਂ ਬਾਅਦ ਅਤੇ ਇੱਕ ਜਾਂਚ ਮਿਡਲਾਈਨ ਤੋਂ 15 ਦਿਨਾਂ ਬਾਅਦ) ਕਰਨਗੇ। ਸਕੂਲ ਮੁਖੀ ਇਹ ਵੀ ਯਕੀਨੀ ਬਣਾਉਣਗੇ ਕਿ ਅਧਿਆਪਕ ਵਿਦਿਆਰਥੀ ਦੀ ਘੱਟੋ-ਘੱਟ 2-3 ਵਾਰੀ ਜਾਂਚ ਕਰਨ ਤੋਂ ਬਾਅਦ ਹੀ ਉਸ ਨੂੰ ਅਗਲੇ ਲੈਵਲ 'ਤੇ ਭੇਜਣ।

6.0. **ਮਿਸ਼ਨ ਸਮਰੱਥ 4.0 ਤਹਿਤ ਸਕੂਲਾਂ ਦੀ ਸਮਾਂ ਸਾਰਣੀ:**

6.1. ਮਿਸ਼ਨ ਸਮਰੱਥ 4.0 ਲਈ ਜਮਾਤ ਤੀਜੀ ਤੋਂ ਅੱਠਵੀਂ ਲਈ ਸਕੂਲ ਵਿੱਚ ਅੱਧੀ ਛੁੱਟੀ ਤੋਂ ਪਹਿਲਾਂ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਹੈ ਜੋ ਕਿ ਹੇਠ ਦਿੱਤੇ ਅਨੁਸਾਰ ਹੈ:

| **ਮਿਸ਼ਨ ਸਮਰੱਥ- 4.0ਲਈ ਤੀਜੀ ਤੋਂ ਪੰਜਵੀਂ ਜਮਾਤਾਂ ਲਈ ਸਮਾਂ ਸਾਰਣੀ** | |
|---|---|
| **ਵਿਸ਼ਾ** | **ਸਮਾਂ** |
| **ਪੰਜਾਬੀ** | **ਰੋਜ਼ਾਨਾ 1 ਘੰਟਾ** |
| **ਗਣਿਤ** | **ਰੋਜ਼ਾਨਾ 1 ਘੰਟਾ** |
| **ਅੰਗਰੇਜ਼ੀ** | **ਰੋਜ਼ਾਨਾ 1 ਘੰਟਾ** |
| **ਅੱਧੀ ਛੁੱਟੀ** | |
| **ਪੰਜਾਬੀ** | **ਰੋਜ਼ਾਨਾ 30** ਮਿੰਟ (ਮਿਸ਼ਨ ਸਮਰੱਥ ਤਹਿਤ ਵਰਕਸ਼ੀਟਾਂ ਵਿੱਚ ਕੰਮ) |
| **ਗਣਿਤ** | **ਰੋਜ਼ਾਨਾ 30** ਮਿੰਟ (ਮਿਸ਼ਨ ਸਮਰੱਥ ਤਹਿਤ ਵਰਕਸ਼ੀਟਾਂ ਵਿੱਚ ਕੰਮ) |
| **ਅੰਗਰੇਜ਼ੀ** | **ਰੋਜ਼ਨਾ 30** ਮਿੰਟ (ਮਿਸ਼ਨ ਸਮਰੱਥ ਤਹਿਤ ਵਰਕਸ਼ੀਟਾਂ ਵਿੱਚ ਕੰਮ) |
| **ਨੋਟ: ਮਿਸ਼ਨ ਸਮਰੱਥ ਦੌਰਾਨ ਤੀਜੀ ਤੋਂ ਪੰਜਵੀਂ ਜਮਾਤਾਂ ਲਈ ਰੈਗੂਲਰ ਸਿਲੇਬਸ ਨਹੀਂ ਕਰਵਾਇਆ ਜਾਵੇਗਾ। ਇਹਨਾਂ ਜਮਾਤਾਂ ਦਾ ਸਿਲੇਬਸ ਜੁਲਾਈ ਤੋਂ ਸ਼ੁਰੂ ਕਰਵਾਇਆ ਜਾਵੇ।** | |

| **ਮਿਸ਼ਨ ਸਮਰੱਥ- 4.0 ਤਹਿਤ ਅੱਪਰ – ਪ੍ਰਾਇਮਰੀ ਜਮਾਤਾਂ ਲਈ ਸਮਾਂ ਸਾਰਣੀ** | |
|---|---|
| **ਵਿਸ਼ਾ** | **ਅੱਪਰ – ਪ੍ਰਾਇਮਰੀ** |
| **ਪੰਜਾਬੀ** | ਹਫਤੇ ਦੇ ਪਹਿਲੇ ਤਿੰਨ ਦਿਨ 80 **ਮਿੰਟ (ਦੋ ਪੀਰੀਅਡ) ਅਤੇ ਪਿਛਲੇ** ਤਿੰਨ ਦਿਨ 40 **ਮਿੰਟ (ਇੱਕ ਪੀਰੀਅਡ)** |
| **ਗਣਿਤ** | ਹਫਤੇ ਦੇ ਪਹਿਲੇ ਤਿੰਨ ਦਿਨ 40 **ਮਿੰਟ (ਇੱਕ ਪੀਰੀਅਡ)ਅਤੇ ਪਿਛਲੇ** ਤਿੰਨ ਦਿਨ 80 **ਮਿੰਟ (ਦੋ ਪੀਰੀਅਡ)** |
| **ਅੰਗਰੇਜ਼ੀ** | **40 ਮਿੰਟ (ਇੱਕ ਪੀਰੀਅਡ)** |
| **ਨੋਟ:** 1) ਪੰਜਾਬੀ ਵਿਸ਼ੇ ਦੇ ਹਫਤਾਵਾਰ 6 ਪੀਰੀਅਡ ਲੱਗਦੇ ਹਨ ਪਰ ਮਿਸ਼ਨ ਸਮਰੱਥ 4.0 ਤਹਿਤ ਪੰਜਾਬੀ ਨੂੰ 9 ਪੀਰੀਅਡ ਪ੍ਰਤੀ ਹਫਤਾ ਦਿੱਤੇ ਜਾਣੇ ਹਨ। ਇਸ ਲਈ ਮਿਸ਼ਨ ਸਮਰੱਥ 4.0 ਦੌਰਾਨ ਜਮਾਤਾਂ 6 ਵੀਂ ਤੋਂ 8ਵੀਂ ਦੇ ਚੋਣਵਾਂ ਵਿਸ਼ਾ, ਕੰਪਿਊਟਰ ਸਿੱਖਿਆ ਤੇ ਹਿੰਦੀ ਵਿਸ਼ਿਆਂ ਦਾ ਇੱਕ-ਇੱਕ ਪੀਰੀਅਡ ਪ੍ਰਤੀ ਵਿਸ਼ਾ ਘੱਟ ਕੀਤਾ ਜਾਵੇਗਾ।<br>2) ਉਸੇ ਤਰ੍ਹਾਂ ਗਣਿਤ ਵਿਸ਼ੇ ਦੇ ਹਫਤਾਵਾਰ 8 ਪੀਰੀਅਡ ਲੱਗਦੇ ਹਨ ਪਰ ਮਿਸ਼ਨ ਸਮਰੱਥ 4.0 ਤਹਿਤ ਗਣਿਤ ਨੂੰ 9 ਪੀਰੀਅਡ ਪ੍ਰਤੀ ਹਫਤਾ ਦਿੱਤੇ ਜਾਣੇ ਹਨ। ਇਸ ਲਈ ਮਿਸ਼ਨ ਸਮਰੱਥ 4.0 ਦੌਰਾਨ ਜਮਾਤਾਂ 6 ਵੀਂ ਤੋਂ 8ਵੀਂ ਦੇ ਸਰੀਰਕ ਸਿੱਖਿਆ ਵਿਸ਼ੇ ਦਾ ਇੱਕ ਪੀਰੀਅਡ ਘੱਟ ਕੀਤਾ ਜਾਵੇਗਾ।<br>3)ਕਿਉਂਕਿ ਜਮਾਤਾਂ 6ਵੀਂ ਤੋਂ 8ਵੀਂ ਦੇ ਲਈ ਅੰਗਰੇਜ਼ੀ ਵਿਸ਼ੇ ਦੇ ਹਫ਼ਤਾਵਾਰ 8 ਪੀਰੀਅਡ ਲੱਗਦੇ ਹਨ, ਇਸ ਵਿੱਚੋਂ 6 ਪੀਰੀਅਡ ਪਹਿਲੇ ਚਾਰ ਪੀਰੀਅਡਾਂ ਵਿੱਚ ਮਿਸ਼ਨ ਸਮਰੱਥ ਲਈ ਹੋਣਗੇ ਅਤੇ ਬਾਕੀ ਦੇ ਦੋ ਪੀਰੀਅਡ ਪਿਛਲੇ ਚਾਰ ਪੀਰੀਅਡਾਂ ਦੀ ਸਮਾਂ ਸਾਰਣੀ ਵਿੱਚ ਦਿੱਤੇ ਜਾਣਗੇ ਪਰ ਇਹਨਾਂ ਵਿੱਚ ਵੀ ਮਿਸ਼ਨ ਸਮਰੱਥ ਦਾ ਵਿਸ਼ਾ ਵਸਤੂ ਪੜ੍ਹਾਇਆ ਜਾਵੇਗਾ।<br>4) ਪੰਜਵੇਂ ਤੋਂ ਅੱਠਵੇਂ ਪੀਰੀਅਡਾਂ ਦੀ ਸਮਾਂ ਸਾਰਣੀ ਬਾਕੀ ਵਿਸ਼ਿਆਂ ਲਈ ਸੈੱਟ ਕੀਤੀ ਜਾਵੇਗੀ ਅਤੇ ਬਾਕੀ ਵਿਸ਼ਿਆਂ ਦਾ ਸਿਲੇਬਸ ਆਮ ਵਾਂਗ ਕਰਵਾਇਆ ਜਾਵੇਗਾ।<br>4) ਪੰਜਾਬੀ, ਗਣਿਤ ਅਤੇ ਅੰਗਰੇਜ਼ੀ ਵਿਸ਼ਿਆਂ ਦਾ ਮਿਸ਼ਨ ਸਮਰੱਥ ਦੌਰਾਨ ਰੈਗੂਲਰ ਸਿਲੇਬਸ ਨਹੀਂ ਕਰਵਾਇਆ ਜਾਵੇਗਾ। | |

6.2. **ਮਿਸ਼ਨ ਸਮਰੱਥ ਦੌਰਾਨ ਸਮੂਹ ਸਰਕਾਰੀ (ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ) ਸਕੂਲਾਂ ਵਿੱਚ ਅੱਧੀ ਛੁੱਟੀ ਪਹਿਲੇ ਚਾਰ ਪੀਰੀਅਡਾਂ ਤੋਂ ਬਾਅਦ** ਕੀਤੀ ਜਾਵੇ।

6.3. ਸਮੂਹ ਸਕੂਲ ਮੁਖੀ ਆਪਣੇ ਸਕੂਲ ਵਿੱਚ ਅਪ੍ਰੈਲ ਅਤੇ ਮਈ ਦੇ ਮਹੀਨੇ ਲਈ ਵਿਸ਼ੇਸ਼ ਟਾਈਮ ਟੇਬਲ ਮਿਸ਼ਨ ਸਮਰੱਥ ਦੀਆਂ ਹਦਾਇਤਾਂ ਅਨੁਸਾਰ ਮਿਤੀ 01.04.2026 ਤੋਂ ਲਾਗੂ ਕਰਵਾਉਣੀ ਯਕੀਨੀ ਬਣਾਉਣਗੇ।

6.4. ਜੇਕਰ ਕਿਸੇ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਕਾਰਨ ਜਾਂ ਅਧਿਆਪਕਾਂ ਦੀ ਘਾਟ ਹੋਣ ਕਾਰਨ ਉਕਤ ਸਮਾਂ ਸਾਰਣੀ ਬਣਾਉਣ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਸਕੂਲ ਮੁਖੀ ਸੰਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਸਹਿਮਤੀ ਨਾਲ ਟਾਈਮ-ਟੇਬਲ ਆਪਣੇ ਅਨੁਸਾਰ ਤਿਆਰ ਕਰ ਸਕਦੇ ਹਨ।

6.5. ਸਕੂਲ ਮੁੱਖੀ ਮਿਸ਼ਨ ਸਮਰੱਥ ਦੀ ਸਿਖਲਾਈ ਪ੍ਰਾਪਤ ਅਧਿਆਪਕਾਂ ਨੂੰ ਉਪਰੋਕਤ ਯੋਜਨਾਬੰਦੀ ਅਨੁਸਾਰ ਗਰੁੱਪ / ਜਮਾਤਾਂ/ ਵਿਸ਼ੇ ਅਲਾਟ ਕਰਨਗੇ।ਜੇਕਰ ਕਿਸੀ ਸਕੂਲ ਵਿੱਚ ਤੀਜੀ ਤੋਂ ਅੱਠਵੀਂ ਤੱਕ ਅੰਗਰੇਜ਼ੀ, ਪੰਜਾਬੀ ਅਤੇ ਗਣਿਤ ਪੜਾਉਣ ਵਾਲੇ ਅਧਿਆਪਕਾਂ ਨੇ ਮੁਖੀ ਮਿਸ਼ਨ ਸਮਰੱਥ ਦੀ ਟ੍ਰੇਨਿੰਗ ਨਹੀ ਲਈ ਤਾਂ ਸਕੂਲ ਮੁੱਖੀ ਤੁਰੰਤ ਇਸ ਬਾਰੇ ਡਾਇਟ ਪ੍ਰਿੰਸੀਪਲ ਡੀ.ਆਰ.ਸੀ/ਬੀ.ਆਰ.ਸੀ ਨਾਲ ਗੱਲਬਾਤ ਕਰਕੇ ਇਹਨਾਂ ਅਧਿਆਪਕਾਂ ਦੀ ਟ੍ਰੇਨਿੰਗ ਕਰਵਾਉਣੀ ਸੁਨਿਸ਼ਚਿਤ ਕਰਨਗੇ।

7.0 **ਮਿਸ਼ਨ ਸਮਰੱਥ 4.0 ਦੀ ਮੁਨੀਟਰਿੰਗ :** ਮਿਸ਼ਨ ਸਮਰੱਥ 4.0 ਦੀ ਮੁਨੀਟਰਿੰਗ ਕਰਨ ਲਈ ਮੁੱਖ ਦਫ਼ਤਰ ਦੇ ਅਧਿਕਾਰੀਆਂ ਦੇ ਨਾਲ-

ਨਾਲ ਜ਼ਿਲ੍ਹਾ/ਬਲਾਕ/ਕਲੱਸਟਰ ਲੈਵਲ ਦੇ ਅਧਿਕਾਰੀਆਂ ਵੱਲੋਂ ਵੀ ਸਕੂਲਾਂ ਨੂੰ ਵਿਜ਼ਿਟ ਕੀਤਾ ਜਾਣਾ ਹੈ, ਇਸ ਸੰਬੰਧ ਵਿੱਚ ਹੇਠ ਲਿਖੇ ਅਨੁਸਾਰ ਯੋਜਨਾਬੰਦੀ ਉਲੀਕੀ ਗਈ ਹੈ:

7.1. ਮੁੱਖ ਦਫ਼ਤਰ ਵਿਖੇ ਹਰ ਜ਼ਿਲ੍ਹੇ ਲਈ ਮਿਸ਼ਨ ਸਮਰੱਥ ਦਾ ਇੱਕ ਨੋਡਲ ਅਫ਼ਸਰ ਤੈਨਾਤ ਕੀਤਾ ਗਿਆ ਹੈ।

7.2. ਜ਼ਿਲ੍ਹਾ ਲੈਵਲ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ) ਦੀ ਅਗਵਾਈ ਵਿੱਚ ਮਿਸ਼ਨ ਸਮਰੱਥ ਦੀਆਂ ਸਾਰੀਆਂ ਗਤੀਵਿਧੀਆਂ ਦਾ ਸੰਚਾਲਨ ਕੀਤਾ ਜਾਣਾ ਹੈ। ਇਸ ਲਈ ਡੀ.ਈ.ਓ. ਸਾਹਿਬਾਨ ਜ਼ਿਲ੍ਹਾ ਲੈਵਲ 'ਤੇ ਬਤੌਰ ਜ਼ਿਲ੍ਹਾ ਨੋਡਲ ਅਫ਼ਸਰ (ਮਿਸ਼ਨ ਸਮਰੱਥ) ਕੰਮ ਕਰਨਗੇ।

7.3 ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਸੈ.ਸਿੱ/ਐ.ਸਿੱ), ਉਪ ਜ਼ਿਲ੍ਹਾ ਅਫ਼ਸਰ, ਡਾਇਟ ਪ੍ਰਿੰਸੀਪਲਾਂ, ਬੀ.ਐਨ.ਓ, ਬੀ.ਪੀ.ਈ.ਓ .ਅਤੇ ਸੀ.ਐਚ.ਟੀ, ਡੀ.ਆਰ.ਸੀ. ਅਤੇ ਬੀ.ਆਰ.ਸੀ. ਦੁਆਰਾ ਮਿਸ਼ਨ ਸਮਰੱਥ 4.0 ਦੇ ਤਹਿਤ ਪਹਿਲੇ ਅੱਧੇ ਸਮੇਂ ਦੌਰਾਨ ਸਕੂਲਾਂ ਨੂੰ ਵਿਜ਼ਿਟ ਕੀਤਾ ਜਾਣਾ ਹੈ। ਇਸ ਦੌਰਾਨ ਵੱਖ-2 ਅਧਿਕਾਰੀਆਂ/ ਟੀਮਾਂ ਵੱਲੋਂ ਕੀਤੀ ਜਾਣ ਵਾਲੀ ਮੁਨੀਟਰਿੰਗ ਸਬੰਧੀ ਹਦਾਇਤਾਂ ਵੱਖਰੇ ਤੌਰ 'ਤੇ ਜਾਰੀ ਕਰ ਦਿੱਤੀਆਂ ਜਾਣਗੀਆਂ।

8.0. **ਵੱਖ-ਵੱਖ ਮੁਲਾਂਕਣਾਂ ਦੀ ਸੁਤੰਤਰ ਜਾਂਚ:** ਸਹੀ ਡਾਟਾ ਕਿਸੇ ਵੀ ਮਿਸ਼ਨ ਦੀ ਸਫਲਤਾ ਦਾ ਅਧਾਰ ਹੁੰਦਾ ਹੈ। ਇਸ ਲਈ ਮਿਸ਼ਨ ਸਮਰੱਥ 4.0 ਦੌਰਾਨ ਕੀਤੇ ਜਾਣ ਵਾਲੇ ਵੱਖ-2 ਮੁਲਾਕਣਾਂ ਵਿੱਚ ਬੱਚਿਆਂ ਦੇ ਸਿੱਖਣ ਪੱਧਰਾਂ ਬਾਰੇ ਸਕੂਲਾਂ ਵੱਲੋਂ ਐਪ 'ਤੇ ਅਪਲੋਡ ਕੀਤੇ ਗਏ ਡਾਟੇ ਦੀ ਸ਼ੁੱਧਤਾ ਯਕੀਨੀ ਬਣਾਉਣ ਲਈ, ਸੁਤੰਤਰ ਤੌਰ 'ਤੇ ਇਹਨਾਂ ਮੁਲਾਂਕਣਾਂ ਦੀ ਜਾਂਚ ਕੀਤੀ ਜਾਵੇਗੀ। ਸੁਤੰਤਰ ਜਾਂਚ ਦੌਰਾਨ ਜੇਕਰ ਕਿਸੇ ਸਕੂਲ ਵੱਲੋਂ ਉਪਲਬਧ ਕਰਵਾਏ ਗਏ ਅੰਕੜਿਆਂ ਅਤੇ ਸਤੰਤਰ ਜਾਂਚ ਵਿੱਚ ਹੇਠ ਲਿਖੇ ਅਨੁਸਾਰ ਅੰਤਰ ਪਾਇਆ ਜਾਂਦਾ ਹੈ ਤਾਂ ਉੱਚ-ਅਧਿਕਾਰੀਆਂ ਵੱਲੋਂ ਸਕੂਲ ਮੁਖੀ ਅਤੇ ਸੰਬੰਧਤ ਅਧਿਆਪਕ ਦਾ ਗੰਭੀਰ ਨੋਟਿਸ ਲਿਆ ਜਾਵੇਗਾ:-

| **ਸਕੂਲ ਵੱਲੋਂ ਅਪਲੋਡ ਕੀਤੇ ਅੰਕੜਿਆਂ ਅਤੇ ਸੁਤੰਤਰ ਜਾਂਚ ਵਿੱਚ ਅੰਤਰ** | **ਵਿਭਾਗ ਵੱਲੋਂ ਕੀਤੀ ਜਾਣ ਵਾਲੀ ਕਾਰਵਾਈ** |
|---|---|
| 10% ਤੋਂ 20% | ਸਕੂਲ ਵਿੱਚ ਸਬੰਧਤ ਮੁਲਾਂਕਣ ਦੁਬਾਰਾ ਤੋਂ ਕੀਤਾ ਜਾਵੇਗਾ |
| 20% ਤੋਂ30% | ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਸਕੂਲ ਮੁਖੀ ਅਤੇ ਸਬੰਧਤ ਅਧਿਆਪਕਾਂ ਨਾਲ ਰਿਵਿਊ ਮੀਟਿੰਗ ਅਤੇ ਸਕੂਲ ਵਿੱਚ ਸਬੰਧਤ ਮੁਲਾਂਕਣ ਦੁਬਾਰਾ ਤੋਂ ਕੀਤਾ ਜਾਵੇਗਾ |
| 30% ਤੋਂ ਵੱਧ | ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਸਕੂਲ ਮੁਖੀ ਅਤੇ ਸਬੰਧਤ ਅਧਿਆਪਕ ਨੂੰ ਕਾਰਣ ਦੱਸੋ ਨੋਟਿਸ ਜਾਰੀ ਕੀਤਾ ਜਾਵੇਗਾ ਅਤੇ ਸਕੂਲ ਵਿੱਚ ਸਬੰਧਤ ਮੁਲਾਂਕਣ ਦੁਬਾਰਾ ਤੋਂ ਕੀਤਾ ਜਾਵੇਗਾ |

ਇਸ ਲਈ ਸਮੂਹ ਸਕੂਲ ਮੁਖੀ ਯਕੀਨੀ ਬਣਾਉਣਗੇ ਕਿ ਅਧਿਆਪਕ ਸਹੀ ਅਤੇ ਨਿਰਪੱਖ ਡਾਟਾ ਹੀ ਅਪਲੋਡ ਕਰਨ।

**9.0.** ਜਮਾਤਾਂ ਤੀਜੀ ਤੋਂ ਅੱਠਵੀਂ ਲਈ ਜੁਲਾਈ 2026 ਵਿੱਚ ਵਿਸ਼ਿਆਂ ਪੰਜਾਬੀ, ਗਣਿਤ ਅਤੇ ਅੰਗਰੇਜ਼ੀ ਦੇ ਹੋਣ ਵਾਲੇ Bi-Monthly Test ਵਿੱਚ ਪੁੱਛੇ ਜਾਣ ਵਾਲੇ ਪ੍ਰਸ਼ਨ ਮਿਸ਼ਨ ਸਮਰੱਥ ਤਹਿਤ ਪੜ੍ਹਾਏ ਗਏ ਕੰਟੈਂਟ ਵਿੱਚੋਂ ਹੀ ਲਏ ਜਾਣਗੇ।

**10.0.** ਈ-ਪੰਜਾਬ ਪੋਰਟਲ 'ਤੇ ਦੂਜੀ ਤੋਂ ਸੱਤਵੀਂ ਜਮਾਤਾਂ ਦੇ ਵਿਦਿਆਰਥੀਆਂ ਦਾ ਡਾਟਾ ਮਿਤੀ 02-04-2026ਤੱਕ ਅਗਲੀ ਜਮਾਤ ਵਿੱਚ ਟ੍ਰਾਂਸਫਰ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਤੋਂ ਮਿਸ਼ਨ ਸਮਰੱਥ ਤਹਿਤ ਕਰਵਾਈ ਜਾਣ ਵਾਲੀ ਬੇਸਲਾਈਨ ਟੈਸਟਿੰਗ ਸੁਚਾਰੂ ਰੂਪ ਵਿੱਚ ਮੁਕੰਮਲ ਕਰਵਾਈ ਜਾ ਸਕੇ ਅਤੇ ਇਸ ਦਾ ਨਤੀਜਾ ਈ-ਪੰਜਾਬ ਐਪ ਤੇ ਸਮੇਂ ਸਿਰ ਅੱਪਲੋਡ ਕੀਤਾ ਜਾ ਸਕੇ।

**11.0** ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਬਲਾਕ ਦੇ ਸਬੰਧਤ ਬੀ.ਪੀ.ਈ.ਓ ਦਫ਼ਤਰ ਤੋਂ ਆਪਣੇ ਸਕੂਲ ਦੇ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਟੀ.ਐਲ.ਐਮ ਪ੍ਰਾਪਤ ਕਰਕੇ ਮਿਤੀ 01.04.2026 ਨੂੰ ਵਿਦਿਆਰਥੀਆਂ ਨੂੰ ਦੇਣਾ ਯਕੀਨੀ ਬਣਾਇਆ ਜਾਵੇ।

**12 .0** ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**(ਕਿਰਨ ਸ਼ਰਮਾ, ਪੀ.ਸੀ.ਐਸ.)**
**ਡਾਇਰੈਕਟਰ,ਐਸ.ਸੀ.ਈ.ਆਰ.ਟੀ.,**
**ਪੰਜਾਬ।**

**ਪਿੰਠ ਅੰਕਣ ਨੰਬਰ: ਉਕਤ** **ਮਿਤੀ:-** 18.03.2026

**ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:**

1. ਨਿ.ਸ./ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਨਿ.ਸ./ਵਧੀਕ ਸਕੱਤਰ ਸਕੂਲ ਸਿੱਖਿਆ , ਪੰਜਾਬ
3. ਨਿ.ਸ./ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
4. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ
5. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ
6. DM (MIS) –ਵੈੱਬਸਾਈਟ ਤੇ ਅਪਲੋਡ ਕਰਨ ਲਈ

**(ਕਿਰਨ ਸ਼ਰਮਾ, ਪੀ.ਸੀ.ਐਸ.)**
**ਡਾਇਰੈਕਟਰ, ਐਸ.ਸੀ.ਈ.ਆਰ.ਟੀ.,**
**ਪੰਜਾਬ।**